# 5 ਜਾਣਕਾਰੀ, ਜੋ ਤੁਹਾਨੂੰ ਹੋਣੀ ਚਾਹੀਦੀ ਹੈ

# ਮੂਲ ਰਾਸ਼ਟਰ ਦੇ ਅਧਾਰ 'ਤੇ ਪੱਖਪਾਤ, ਘਰ ਦੇ ਮਾਮਲੇ ਵਿੱਚ

1 **ਨਿਊ ਜਰਸੀ ਵਿੱਚ, ਘਰ ਲੈਣ-ਦੇਣ ਦੇ ਮਾਮਲੇ ਵਿੱਚ ਰਾਸ਼ਟਰ ਅਧਾਰਿਤ ਪੱਖਪਾਤ ਅਤੇ ਉਤਪੀੜਨ ਗੈਰ-ਕਾਨੂੰਨੀ ਹੈ।** ਨਿਊ ਜਰਸੀ ਦਾ ਪੱਖਪਾਤ ਵਿਰੋਧੀ ਕਾਨੂੰਨ (ਐਲਏਡੀ) ਤੁਹਾਨੂੰ ਰਾਸ਼ਟਰ ਦੇ ਅਧਾਰ 'ਤੇ ਘਰ ਲੈਣ-ਦੇਣ ਦੇ ਮਾਮਲੇ ਵਿੱਚ ਹੋਣ ਵਾਲੇ ਪੱਖਪਾਤ ਅਤੇ ਉਤਪੀੜਨ ਤੋਂ ਬਚਾਉਂਦਾ ਹੈ, ਭਾਵੇਂ ਤੁਸੀਂ ਰਿਫ਼ਿਊਜੀ, ਮਾਈਗ੍ਰੈਂਟ ਜਾਂ ਗੈਰ-ਅਮਰੀਕੀ ਨਾਗਰਿਕ ਹੋ। ਇਸ ਵਿੱਚ ਸ਼ਾਮਲ ਹਨ, ਤੁਹਾਡੇ ਅਸਲ ਜਾਂ ਸਮਝੇ ਗਏ ਮੂਲ, ਮੂਲ ਰਾਸ਼ਟਰ ਜਾਂ ਭਾਸ਼ਾ ਦੇ ਅਧਾਰ 'ਤੇ ਤੁਹਾਡੇ ਨਾਲ ਕੀਤਾ ਗਿਆ ਨਾਜਾਇਜ਼ ਵਿਹਾਰ।

2 **ਘਰ ਪ੍ਰਦਾਤਾਵਾਂ ਨੂੰ ਮੂਲ ਰਾਸ਼ਟਰ ਅਧਾਰਿਤ ਉਤਪੀੜਨ ਰੋਕਣ ਵਾਸਤੇ ਕਦਮ ਚੁੱਕਣੇ ਚਾਹੀਦੇ ਹਨ।** ਘਰ ਪ੍ਰਦਾਤਾ, ਉਨ੍ਹਾਂ ਦੇ ਕਰਮਚਾਰੀ ਜਾਂ ਤੁਹਾਡੇ ਸਹਿ-ਕਿਰਾਏਦਾਰ ਤੁਹਾਡੇ ਅਸਲ ਮੂਲ ਜਾਂ ਉਨ੍ਹਾਂ ਵੱਲੋਂ ਤੁਹਾਡੇ ਸਮਝੇ ਗਏ ਮੂਲ ਦੇ ਅਧਾਰ 'ਤੇ ਤੁਹਾਡਾ ਉਤਪੀੜਨ ਨਹੀਂ ਕਰ ਸਕਦੇ। ਘਰ ਪ੍ਰਦਾਤਾਵਾਂ ਨੂੰ ਜਿਸ ਉਤਪੀੜਨ ਬਾਰੇ ਜਾਣਕਾਰੀ ਹੈ ਜਾਂ ਹੋਣੀ ਚਾਹੀਦੀ ਹੈ, ਉਸ ਨੂੰ ਰੋਕਣ ਲਈ ਕਦਮ ਚੁੱਕਣਾ ਉਨ੍ਹਾਂ ਲਈ ਲਾਜ਼ਮੀ ਹੈ। ਉਤਪੀੜਨ ਵਿੱਚ ਸ਼ਾਮਲ ਹੋ ਸਕਦੇ ਹਨ, ਹਮਲਾਵਰ ਇਸ਼ਾਰੇ, ਨਸਲੀ ਟਿੱਪਣੀਆਂ ਅਤੇ ਨੀਵਾਂ ਦਰਸਾਉਂਦੇ ਮਜ਼ਾਕ।

3 **ਐਲਏਡੀ ਅਧੀਨ, ਘਰ ਪ੍ਰਦਾਤਾ ਲਈ ਇਹ ਜ਼ਰੂਰੀ ਹੈ ਕਿ ਉਹ ਮੂਲ ਰਾਸ਼ਟਰ ਨੂੰ ਦਰਕਿਨਾਰ ਕਰਦੇ ਹੋਏ ਹਰ ਇਕ ਨੂੰ ਬਰਾਬਰੀ ਦੇ ਅਧਾਰ 'ਤੇ ਘਰ ਮੁਹੱਈਆ ਕਰਵਾਏ। ਮਕਾਨ ਮਾਲਕ, ਪ੍ਰਾਪਰਟੀ ਮੈਨੇਜਰ ਅਤੇ ਰੀਅਲ ਅਸਟੇਟ ਏਜੰਟ ਸਮੇਤ ਕੋਈ ਵੀ ਘਰ ਪ੍ਰਦਾਤਾ ਤੁਹਾਡੇ ਅਸਲ ਮੂਲ ਰਾਸ਼ਟਰ ਜਾਂ ਉਨ੍ਹਾਂ ਵੱਲੋਂ ਸਮਝੇ ਗਏ ਤੁਹਾਡੇ ਮੂਲ ਰਾਸ਼ਟਰ ਕਾਰਨ ਤੁਹਾਨੂੰ ਨਾ ਲੀਜ਼ ਦੇਣ ਤੋਂ ਮਨ੍ਹਾ ਕਰ ਸਕਦਾ ਹੈ, ਨਾ ਤੁਹਾਡੇ ਤੋਂ ਵੱਧ ਕਿਰਾਇਆ ਮੰਗ ਸਕਦਾ ਹੈ, ਨਾਂ ਤੁਹਾਨੂੰ ਵੱਖ ਸਹੂਲਤਾਂ ਦੇ ਸਕਦਾ ਹੈ, ਕਿਸੇ ਘਰ/ਪ੍ਰਾਪਰਟੀ ਤੋਂ ਪਾਸੇ ਕੋਈ ਹੋਰ ਰਾਹ ਪਾ ਸਕਦਾ ਹੈ ਅਤੇ ਨਾ ਹੀ ਮੁਰੰਮਤ ਕਰਵਾਉਣ ਤੋਂ ਮਨ੍ਹਾ ਕਰ ਸਕਦਾ ਹੈ।**

4 **ਘਰ ਖ਼ਰੀਦਣ ਅਤੇ ਵੇਚਣ ਦੇ ਮਾਮਲੇ ਵਿੱਚ ਰਾਸ਼ਟਰ ਦੇ ਅਧਾਰ 'ਤੇ ਹੋਣ ਵਾਲੇ ਪੱਖਪਾਤ ਤੋਂ ਐਲਏਡੀ ਸੁਰੱਖਿਆ ਪ੍ਰਦਾਨ ਕਰਦਾ ਹੈ।** ਉਦਾਹਰਨ ਵਜੋਂ, ਤੁਹਾਡੇ ਮੂਲ ਰਾਸ਼ਟਰ ਦੇ ਅਧਾਰ 'ਤੇ ਕੋਈ ਵੀ ਰੀਅਲ ਅਸਟੇਟ ਏਜੰਟ ਤੁਹਾਨੂੰ ਕੋਈ ਪ੍ਰਾਪਰਟੀ ਵਿਖਾਉਣ ਤੋਂ ਮਨ੍ਹਾ ਨਹੀਂ ਕਰ ਸਕਦਾ ਅਤੇ ਨਾ ਹੀ ਉਹ ਤੁਹਾਨੂੰ ਕਿਸੇ ਖ਼ਾਸ ਇਲਾਕੇ ਵਿੱਚ ਘਰ ਲੈਣ ਸਬੰਧੀ ਉਤਸ਼ਾਹਿਤ ਕਰ ਸਕਦਾ ਹੈ ਅਤੇ ਨਾ ਹੀ ਉਹ ਤੁਹਾਨੂੰ ਨਿਰਾਸ਼ ਕਰ ਸਕਦਾ ਹੈ। ਤੁਹਾਡੇ ਰਾਸ਼ਟਰੀ ਮੂਲ ਦੇ ਅਧਾਰ 'ਤੇ, ਘਰ ਦੀ ਕੀਮਤ ਤਹਿ ਕਰਨ ਵਾਲੇ ਤੁਹਾਡੇ ਘਰ ਦੀ ਕੀਮਤ ਘੱਟ ਨਹੀਂ ਦਰਸਾਅ ਸਕਦੇ ਅਤੇ ਨਾ ਹੀ ਲੋਨ ਦੇਣ ਵਾਲੇ ਤੁਹਾਨੂੰ ਵੱਧ ਵਿਆਜ 'ਤੇ ਲੋਨ ਦੇ ਸਕਦੇ ਹਨ।

5 **ਘਰ ਪ੍ਰਦਾਤਾ ਪੱਖਪਾਤ ਦੇ ਮੰਤਵ ਨਾਲ ਨਿਊਟਰਲ ਨੀਤੀਆਂ ਜਾਂ ਨਿਯਮਾਂ ਦੀ ਵਰਤੋਂ ਨਹੀਂ ਕਰ ਸਕਦੇ। ਘਰ ਲੈਣ-ਦੇਣ ਸਬੰਧੀ ਨਿਊਟਰਲ ਨੀਤੀਆਂ ਅਤੇ ਨਿਯਮ, ਜੋ ਕਿਸੇ ਇੱਕ ਮੂਲ ਰਾਸ਼ਟਰ ਦੇ ਲੋਕਾਂ ਨੂੰ ਬਾਕੀਆਂ ਨਾਲੋਂ ਵੱਧ ਬੁਰੇ ਤਰੀਕੇ ਨਾਲ ਪ੍ਰਭਾਵਿਤ ਕਰਦੇ ਹਨ, ਉਨ੍ਹਾਂ ਨੂੰ ਲਾਗੂ ਕਰਨ ਦੀ ਮਨਾਹੀ ਹੈ, ਇਸ ਤੋਂ ਛੁੱਟ ਕਿ ਉਹ ਕਿਸੇ ਵਿਆਪਕ, ਕਾਨੂੰਨੀ ਅਤੇ ਗੈਰ-ਪੱਖਪਾਤੀ ਮੰਤਵ ਦੀ ਪੂਰਤੀ ਲਈ ਜ਼ਰੂਰੀ ਹੋਣ। ਉਦਾਹਰਨ ਵਜੋਂ, ਕੇਵਲ ਉਨ੍ਹਾਂ ਲੋਕਾਂ ਨੂੰ ਹੀ ਘਰ ਕਿਰਾਏ 'ਤੇ ਦੇਣਾ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਬੋਲਦੇ ਹਨ ਜਾਂ ਜਿਨ੍ਹਾਂ ਦੀ ਇੱਕ ਖ਼ਾਸ ਬੋਲੀ ਹੈ, ਐਲਏਪੀਡੀ ਦਾ ਉਲੰਘਣ ਹੋ ਸਕਦਾ ਹੈ।**

ਜੇ ਤੁਸੀਂ ਐਲਏਡੀ ਦੀ ਉਲੰਘਣਾ ਦੀ ਸ਼ਿਕਾਇਤ ਕੀਤੀ ਹੈ, ਭੇਦਭਾਵ ਦੀ ਸ਼ਿਕਾਇਤ ਕੀਤੀ ਹੈ ਜਾਂ ਐਲਏਡੀ ਅਧੀਨ ਆਪਣੇ ਕਿਸੇ ਹੱਕ ਦੀ ਵਰਤੋਂ ਕੀਤੀ ਹੈ, ਤਾਂ ਅਜਿਹਾ ਕਰਨ ਲਈ ਕੋਈ ਵੀ ਵਿਅਕਤੀ ਤੁਹਾਡੇ ਤੋਂ ਬਦਲਾ ਨਹੀਂ ਲੈ ਸਕਦਾ।

ਹੋਰ ਜਾਣਕਾਰੀ ਲਈ, ਜਾਂ ਸ਼ਿਕਾਇਤ ਦਰਜ ਕਰਵਾਉਣ ਲਈ, NJCivilRights.gov 'ਤੇ ਜਾਓ ਜਾਂ 1-833-NJDCR4U (1-833-653-2748) 'ਤੇ ਕਾਲ ਕਰੋ। ਡੀਸੀਆਰ ਐਲਏਡੀ ਨੂੰ ਲਾਗੂ ਕਰਦਾ ਹੈ, ਜੋ ਨਿਊ ਜਰਸੀ ਵਿਚਲੇ ਸਾਰੇ ਲੋਕਾਂ ਨੂੰ ਭੇਦਭਾਵ ਤੋਂ ਬਚਾਉਂਦਾ ਹੈ, ਭਾਵੇਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਜੋ ਮਰਜ਼ੀ ਹੋਵੇ। ਹੋਰ ਜਾਣਕਾਰੀ ਲਈ, ਇੱਥੇ ਕਲਿੱਕ ਕਰੋ।